# **ਦਫਤਰ ਸਹਾਇਕ ਰਾਜ ਕਮਿਸ਼ਨਰ, ਬਠਿੰਡਾ।**

ਸੇਵਾ ਵਿਖੇ

ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ/ਐਲੀਮੈਂਟਰੀ ਸਿੱਖਿਆ)
ਬਠਿੰਡਾ।

ਪੱਤਰ ਨੰਬਰ....1960.......... ਮਿਤੀ 21.10.2024

**ਵਿਸ਼ਾ-** **ਮਾਪੇ ਅਧਿਆਪਕ ਮਿਲਣੀ ਮਿਤੀ 22.10.2024 ਨੂੰ ਮੇਰਾ ਬਿੱਲ ਐਪ ਦੇ ਪ੍ਰਚਾਰ ਕਰਨ ਸਬੰਧੀ।**

ਹਵਾਲਾ- ਮਾਨਯੋਗ ਵਿੱਤੀ ਕਮਿਸ਼ਨਰ, ਕਰ ਪੰਜਾਬ ਜੀ ਦੇ ਹੁਕਮ ਮਿਤੀ 21.10.2024

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਹੁਕਮਾਂ ਰਾਹੀਂ ਹਦਾਇਤ ਹੋਈ ਹੈ ਕਿ ਮਿਤੀ 22.10.2024 ਨੂੰ ਸਾਰੇ ਸਰਕਾਰੀ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਸਵੇਰੇ 9-00 ਵਜੇ ਤੋਂ ਦੁਪਿਹਰ 2-30 ਵਜੇ ਮਾਪੇ ਅਧਿਆਪਕ ਮਿਲਣੀ ਹੋਣੀ ਨਿਸ਼ਚਿਤ ਹੋਈ ਹੈ ਅਤੇ ਕਰ ਵਿਭਾਗ ਦੇ ਸਮੂਹ ਅਫਸਰਾਂ ਵੱਲੋਂ ਇਸ ਮੌਕੇ ਤੇ ਆਬਕਾਰੀ ਤੇ ਕਰ ਵਿਭਾਗ ਦੀ ਐਪ "Mera Bill" ਦਾ ਵੱਧ ਤੋਂ ਵੱਧ ਪ੍ਰਚਾਰ ਸਕੂਲਾਂ ਵਿੱਚ ਜਾ ਕੇ ਕੀਤਾ ਜਾਵੇ।

ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹਵਾਲਾ ਅਧੀਨ ਹੁਕਮਾਂ ਦੀ ਪਾਲਣਾ ਵਿੱਚ ਬਠਿੰਡਾ ਜਿਲ੍ਹੇ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਮਾਪੇ ਅਧਿਆਪਕ ਮਿਲਣੀ ਦੇ ਮੌਕੇ ਤੇ ਕੁਝ ਸਮਾਂ ਆਬਕਾਰੀ ਤੇ ਕਰ ਵਿਭਾਗ ਨੂੰ **ਮੇਰਾ ਬਿੱਲ ਐਪ** ਦੇ ਪ੍ਰਚਾਰ ਲਈ ਦੇਣ ਦੀ ਕਿਰਪਾਲਤਾ ਕੀਤੀ ਜਾਵੇ ਜੀ।

ਸਹਾਇਕ ਰਾਜ ਕਰ ਕਮਿਸ਼ਨਰ,
ਬਠਿੰਡਾ।

ਪਿੱਠਅੰਕਣ ਨੰਬਰ.................. ਮਿਤੀ 21.10.2024

ਇਸਦਾ ਇੱਕ ਉਤਾਰਾ ਸਮੂਹ ਸਟੇਟ ਟੈਕਸ ਅਫਸਰਾਂ/ਸਟੇਟ ਟੈਕਸ ਨਿਰੀਖਕਾਂ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਜਿਲ੍ਹਾ ਸਿੱਖਿਆ ਅਫਸਰਾਂ ਨਾਲ ਸੰਪਰਕ ਕਰਦੇ ਹੋਏ ਸਕੂਲਾਂ ਵਿੱਚ ਮਿਤੀ 22.10.2024 ਨੂੰ ਮਾਪੇ ਅਧਿਆਪਕ ਮਿਲਣੀ ਦੇ ਮੌਕੇ ਤੇ ਮੇਰਾ ਬਿੱਲ ਐਪ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ। ਇਸਨੂੰ ਅਤਿ ਜਰੂਰੀ ਸਮਝਿਆ ਜਾਵੇ।

ਸਹਾਇਕ ਰਾਜ ਕਰ ਕਮਿਸ਼ਨਰ,
ਬਠਿੰਡਾ।

## ਦਫਤਰ ਜਿਲਾ ਸਿਖਿਆ ਅਫਸਰ(ਸੈ ਸਿ) ਬਠਿੰਡਾ

**Room No.455, Mini Secretariate, 3rd floor,**
ਮੇਲ ਆਈ ਡੀ deosebathinda@punjab education.gov.in

ਪੱਤਰ ਨੰ: ਸਟੈਨੋ/ਜਿਸਿਅ ( )2024/ 439 ਮਿਤੀ: 21.10.2024

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀ, ਸਸਸਸ/ਸਹਸ/ਸਮਿਸ, ਜਿਲ੍ਹਾ ਬਠਿੰਡਾ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਮਾਪੇ ਅਧਿਆਪਕ ਮਿਲਣੀ ਦੇ ਮੌਕੇ ਤੇ ਸਕੂਲ ਵਿਚ 'ਮੇਰਾ ਬਿੱਲ ਐਪ' ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਬਠਿੰਡਾ।